# ਸਕੂਲ ਨੂੰ ਹਰ ਇਕ ਲਈ ਸੁਰੱਖਿਅਤ ਬਣਾਉਣਾ

ਸਕੂਲਾਂ ਵਿਚ ਧੱਕੇਸ਼ਾਹੀ (ਬੁਲਿੰਗ) ਕਈ ਰੂਪਾਂ ਵਿਚ ਹੋ ਸਕਦੀ ਹੈ – ਗਾਲ੍ਹਾਂ ਕੱਢਣ ਤੋਂ ਲੈ ਕੇ ਹਮਲਾ ਕਰਨ ਜਾਂ ਪਰੇਸ਼ਾਨ ਕਰਨ ਦੇ ਜ਼ਿਆਦਾ ਗੰਭੀਰ ਰੂਪਾਂ ਵਿਚ। ਵੈਨਕੂਵਰ ਸਕੂਲ ਬੋਰਡ ਸਾਰੇ ਵਿਦਿਆਰਥੀਆਂ ਅਤੇ ਮੁਲਾਜ਼ਮਾਂ ਲਈ ਪੜ੍ਹਾਈ ਦਾ ਸੁਰੱਖਿਅਤ ਅਤੇ ਵਧੀਆ ਮਾਹੌਲ ਬਣਾਉਣ ਅਤੇ ਕਾਇਮ ਰੱਖਣ ਲਈ ਵਚਨਬੱਧ ਹੈ।

ਬ੍ਰਿਟਿਸ਼ ਕੋਲੰਬੀਆ ਹਿਊਮਨ ਰਾਈਟਸ ਐਕਟ ਅਤੇ ਹੋਰ ਕਾਨੂੰਨਾਂ ਅਧੀਨ, ਇਸ ਸੂਬੇ ਵਿਚਲੇ ਸਕੂਲ ਜਿਲ੍ਹਿਆਂ ਲਈ ਇਹ ਜ਼ਰੂਰੀ ਹੈ ਕਿ ਉਹ ਅਜਿਹਾ ਸੁਰੱਖਿਅਤ ਮਾਹੌਲ ਪ੍ਰਦਾਨ ਕਰਨ ਜਿਹੜਾ ਪਰੇਸ਼ਾਨੀ ਅਤੇ ਵਿਤਕਰੇ ਤੋਂ ਮੁਕਤ ਹੋਵੇ। ਸਕੂਲ ਜਿਲ੍ਹਿਆਂ ਲਈ ਸਰਗਰਮੀ ਨਾਲ ਅਜਿਹੀਆਂ ਜੁਗਤਾਂ ਅਤੇ ਸੇਧਾਂ ਲਾਗੂ ਕਰਨਾ ਵੀ ਜ਼ਰੂਰੀ ਹੈ ਜਿਹੜੀਆਂ ਇਹ ਯਕੀਨੀ ਬਣਾਉਂਦੀਆਂ ਹਨ ਕਿ ਸਾਰੇ ਵਿਦਿਆਰਥੀਆਂ, ਮੁਲਾਜ਼ਮਾਂ ਅਤੇ ਪਰਿਵਾਰਾਂ ਦਾ ਸੁਆਗਤ ਹੋ ਰਿਹਾ ਹੈ ਅਤੇ ਉਨ੍ਹਾਂ ਨੂੰ ਪੜ੍ਹਾਈ ਅਤੇ ਸਕੂਲ ਜ਼ਿੰਦਗੀ ਦੇ ਸਾਰੇ ਪੱਖਾਂ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨਾਲ ਆਦਰ ਅਤੇ ਮਾਣ ਵਾਲਾ ਵਰਤਾਉ ਹੋ ਰਿਹਾ ਹੈ। ਇਸ ਵਿਚ ਉਹ ਵਿਦਿਆਰਥੀ ਅਤੇ ਮੁਲਾਜ਼ਮ ਸ਼ਾਮਲ ਹਨ ਜਿਹੜੇ ਆਪਣੇ ਆਪ ਦੀ ਲੈਜ਼ਬੀਅਨ ਅਤੇ ਗੇਅ (ਸਮਲਿੰਗੀ) ਵਜੋਂ ਪਛਾਣ ਕਰਦੇ ਹਨ, ਜਾਂ ਜਿਹੜੇ ਆਪਣੀਆਂ ਕਾਮੁਕ ਰੁਚੀਆਂ ਜਾਂ ਜੈਂਡਰ (ਲਿੰਗ) ਪਛਾਣ ਨੂੰ ਸਵਾਲ ਕਰ ਰਹੇ ਹਨ।

ਜਿਵੇਂ ਕਿ ਸਾਡਾ ਕੰਮ ਸਕੂਲਾਂ ਵਿਚ ਨਸਲਵਾਦ ਦਾ ਹੱਲ ਕਰਦਾ ਹੈ, ਉਸੇ ਤਰ੍ਹਾਂ ਪ੍ਰਿੰਸੀਪਲਾਂ ਅਤੇ ਟੀਚਰਾਂ ਲਈ ਇਹ ਜ਼ਰੂਰੀ ਹੈ ਕਿ ਉਹ ਸਾਡੇ ਸਕੂਲਾਂ ਵਿਚ ਹੋਮੋਫੋਬੀਆ ਨੂੰ ਰੋਕਣ ਲਈ ਕੰਮ ਕਰਨ। ਜਿਸ ਤਰ੍ਹਾਂ ਵਿਦਿਆਰਥੀ ਇਹ ਸਿੱਖਦੇ ਹਨ ਕਿ ਨਸਲਵਾਦੀ (ਰੇਸਿਸਟ) ਟਿੱਪਣੀਆਂ ਅਤੇ ਕਾਰਵਾਈਆਂ ਪ੍ਰਵਾਨ ਕਰਨ ਯੋਗ ਨਹੀਂ ਹਨ, ਉਸੇ ਤਰ੍ਹਾਂ ਉਹ ਇਹ ਵੀ ਸਿੱਖ ਰਹੇ ਹਨ ਕਿ ਗੇਅ ਅਤੇ ਲੈਜ਼ਬੀਅਨ ਲੋਕਾਂ ਵਿਰੁੱਧ ਅਸਹਿਣਸ਼ੀਲਤਾ ਅਤੇ ਨਫਰਤ ਪੈਦਾ ਕਰਨ ਵਾਲੀ ਟਿੱਪਣੀਆਂ ਵੀ ਪ੍ਰਵਾਨ ਕਰਨ ਯੋਗ ਨਹੀਂ ਹਨ।

ਐਲੀਮੈਂਟਰੀ ਸਕੂਲਾਂ ਵਿਚ ਪੜ੍ਹਾਏ ਜਾਂਦੇ ਸੂਬਾਈ ਪਾਠਕ੍ਰਮ ਵਿਚ ਇਨ੍ਹਾਂ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਸਕੂਲ ਐਕਟ ਅਧੀਨ, ਬ੍ਰਿਟਿਸ਼ ਕੋਲੰਬੀਆ ਦੇ ਸਰਕਾਰੀ ਸਕੂਲਾਂ ਨੂੰ ਇਹ ਆਦੇਸ਼ ਮਿਲੇ ਹੋਏ ਹਨ ਕਿ ਉਹ ਕਮਿਉਨਟੀ ਦੀ ਭਿੰਨਤਾ ਦਾ ਅਕਸ ਦਿਖਾਉਣ ਅਤੇ ਵਖਰੇਵਿਆਂ ਪ੍ਰਤੀ ਸਹਿਨਸ਼ੀਲਤਾ ਅਤੇ ਸਮਝ ਸਿਖਾਉਣ।

ਪਰਿਵਾਰਾਂ ਦੇ ਭਿੰਨ ਭਿੰਨ ਮਾਡਲਾਂ ਬਾਰੇ ਸਿੱਖਣਾ, ਕਿੰਡਰਗਾਰਟਨ ਤੋਂ ਗਰੇਡ 3 ਦੀਆਂ ਕਲਾਸਾਂ ਦਾ ਹਿੱਸਾ ਹੈ, ਜਿੱਥੇ ਸਾਰੀਆਂ ਉਮਰਾਂ ਦੇ ਵਿਦਿਆਰਥੀ ਅਜਿਹੇ ਹੁਨਰ ਸਿੱਖਦੇ ਹਨ ਜਿਹੜੇ ਇਕੋ ਜਿਹੇ ਅਤੇ ਉਨ੍ਹਾਂ ਨਾਲੋਂ ਵੱਖਰੇ ਦਿਖਾਈ ਦਿੰਦੇ ਲੋਕਾਂ ਨਾਲ ਕੰਮ ਕਰਨਾ ਅਤੇ ਉਨ੍ਹਾਂ ਦਾ ਆਦਰ ਕਰਨਾ ਸਿਖਾਉਂਦੇ ਹਨ। ਗਰੇਡ 4 ਤੋਂ ਲੈ ਕੇ ਗਰੇਡ 7 ਤੱਕ ਦੇ ਬੱਚੇ, ਨਸਲਵਾਦ ਅਤੇ ਹੋਮੋਫੋਬੀਆ ਵਰਗੇ ਵਿਤਕਰਿਆਂ ਦੇ ਹੋਰ ਰੂਪਾਂ ਦੇ ਨੁਕਸਾਨਦੇਹ ਅਸਰਾਂ ਬਾਰੇ ਖਾਸ ਤੌਰ ’ਤੇ ਸਿੱਖਦੇ ਹਨ। ਉਹ ਇਹ ਸਿੱਖਦੇ ਹਨ ਕਿ ਉਹ ਕਿਵੇਂ ਸਮਾਜ ਨੂੰ ਸੁਰੱਖਿਅਤ ਬਣਾਉਣ ਅਤੇ ਹਰ ਇਕ ਲਈ ਹੋਰ ਵੀ ਸੁਆਗਤ ਕਰਨ ਵਾਲੀ ਥਾਂ ਬਣਾਉਣ ਵਿਚ ਮਦਦ ਕਰ ਸਕਦੇ ਹਨ। ਜਿਵੇਂ ਕਿ ਕੈਨੇਡਾ ਦੀ ਸੁਪਰੀਮ ਕੋਰਟ ਦਾ ਕਹਿਣਾ ਹੈ: “ਸਹਿਣਸ਼ੀਲਤਾ ਸਿੱਖਣਾ ਹਰ ਉਮਰ ਲਈ ਢੁਕਵਾਂ ਹੈ।”

ਵੈਨਕੂਵਰ ਵਿਚ, ਐਲੀਮੈਂਟਰੀ ਸਕੂਲਾਂ ਨੂੰ ਸੇਫ ਕੌਨਟੈਕਟ ਪਰਸਨ ਨਿਯੁਕਤ ਕਰਨ ਲਈ ਕਿਹਾ ਗਿਆ ਹੈ। ਸੁਰੱਖਿਅਤ ਸੰਪਰਕ ਕਰਨ ਲਈ ਇਹ ਵਿਅਕਤੀ ਕੋਈ ਟੀਚਰ, ਪ੍ਰਿੰਸੀਪਲ ਜਾਂ ਸਟਾਫ ਦਾ ਕੋਈ ਹੋਰ ਮੈਂਬਰ ਹੁੰਦਾ ਹੈ ਜੋ ਉਨ੍ਹਾਂ ਵਿਦਿਆਰਥੀਆਂ ਦੀ ਮਦਦ ਕਰਦਾ ਹੈ ਜਿਹੜੇ ਆਪਣੀਆਂ ਕਾਮੁਕ ਰੁਚੀਆਂ ਜਾਂ ਲਿੰਗ ਪਛਾਣ ਬਾਰੇ ਸਵਾਲ ਕਰ ਰਹੇ ਹਨ, ਜਿਹੜੇ ਧੱਕੇਸ਼ਾਹੀ ਦਾ ਸਾਹਮਣਾ ਕਰ ਰਹੇ ਹਨ, ਜਾਂ ਜਿਨ੍ਹਾਂ ਨੂੰ ਕਿਸੇ ਨਾਲ ਗੱਲਬਾਤ ਕਰਨ ਦੀ ਅਤੇ ਇਹ ਲੋੜ ਹੈ ਕਿ ਉਨ੍ਹਾਂ ਬਾਰੇ ਰਾਇ ਨਾ ਬਣਾਈ ਜਾਵੇ। ਸਕੂਲਾਂ ਨੂੰ ਇਹ ਕਿਹਾ ਗਿਆ ਹੈ ਕਿ ਉਹ ਸਾਰੇ ਵਿਦਿਆਰਥੀਆਂ ਨੂੰ ਉਸ ਵਿਅਕਤੀ ਦੇ ਸਥਾਨ ਅਤੇ ਮੌਜੂਦਗੀ ਬਾਰੇ ਦੱਸਣ ਅਤੇ ਸਕੂਲਾਂ ਨੇ ਅਜਿਹਾ ਕਈ ਤਰੀਕਿਆਂ ਨਾਲ ਕੀਤਾ ਹੈ। ਬਹੁਤ ਸਾਰੇ ਸਕੂਲ ਪੋਸਟਰਾਂ ਦੀ ਵਰਤੋਂ ਕਰ ਰਹੇ ਹਨ, ਜਦ ਕਿ ਹੋਰ ਸਕੂਲਾਂ ਨੇ ਅਸੈਂਬਲੀਆਂ, ਕਲਾਸਰੂਮ ਮੀਟਿੰਗਾਂ, ਜਾਂ ਨਿਊਜ਼ਲੈਟਰਾਂ ਰਾਹੀਂ ਵੀ ਇਹ ਜਾਣਕਾਰੀ ਸਾਂਝੀ ਕੀਤੀ ਹੈ।

ਸਾਰੀਆਂ ਕਿਸਮਾਂ ਦੇ ਵਿਤਕਰੇ ਦਾ ਜਵਾਬ ਦੇਣਾ ਅਤੇ ਇਹ ਯਕੀਨੀ ਬਣਾਉਣਾ ਹਰ ਇਕ ਦਾ ਫਰਜ਼ ਹੈ ਕਿ ਸਕੂਲ ਸਾਰੇ ਵਿਦਿਆਰਥੀਆਂ, ਪਰਿਵਾਰਾਂ ਅਤੇ ਸਟਾਫ ਲਈ ਸੁਰੱਖਿਅਤ ਅਤੇ ਬਿਹਤਰ ਥਾਂ ਹਨ।

ਵੈਨਕੂਵਰ ਸਕੂਲਾਂ ਵਿਚ ਹੋਮੋਫੋਬੀਆ, ਜਾਂ ਲੈਜ਼ਬੀਅਨ ਅਤੇ ਗੇਅ (ਸਮਲਿੰਗੀ) ਮਸਲਿਆਂ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਜਾਂ ਫਿਕਰ ਹੋਵੇ ਤਾਂ ਕਿਰਪਾ ਕਰਕੇ pride@vsb.bc.ca ’ਤੇ ਜਾਂ 604-713-5180 ’ਤੇ ਬੇਝਿਜਕ ਗਲੈੱਨ ਹੈਂਸਮੈਨ ਜਾਂ ਜੋਡੀ ਪੋਲੂਕੋਸ਼ਕੋ ਨਾਲ ਸੰਪਰਕ ਕਰੋ। ਜੇ ਤੁਹਾਡੇ ਮਨ ਵਿਚ ਨਸਲਵਾਦ ਜਾਂ ਮਲਟੀਕਲਚਰਲਿਜ਼ਮ ਬਾਰੇ ਕੋਈ ਸਵਾਲ ਜਾਂ ਫਿਕਰ ਹੋਵੇ ਤਾਂ ਕਿਰਪਾ ਕਰਕੇ 604-713-5933 ’ਤੇ ਐਂਜਲਾ ਬਰਾਊਨ ਨਾਲ ਸੰਪਰਕ ਕਰੋ।